# ਪੰਜਾਬ ਰਾਜ ਓਪਨ ਯੂਨੀਵਰਸਿਟੀ ਨੇ ਭਗਵਾਨ ਸ੍ਰੀ ਪਰਸ਼ੂਰਾਮ ਜੈਅੰਤੀ ਨੂੰ ਸਮਰਪਿਤ ਸੈਮੀਨਾਰ ਕਰਵਾਇਆ

19 ਅਪ੍ਰੈਲ, ਪਟਿਆਲਾ

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਮਾਣਯੋਗ ਵਾਈਸ ਚਾਂਸਲਰ ਪ੍ਰੋ (ਡਾ.) ਰਤਨ ਸਿੰਘ ਜੀ ਦੀ ਯੋਗ ਰਹਿਨੁਮਾਈ ਹੇਠ ਯੂਨੀਵਰਸਿਟੀ ਵਿਖੇ ਸਥਾਪਿਤ ਭਗਵਾਨ ਸ੍ਰੀ ਪਰਸ਼ੂ ਰਾਮ ਜੀ ਚੇਅਰ ਵੱਲੋਂ ਸ੍ਰੀ ਪਰਸ਼ੂ ਰਾਮ ਜੈਅੰਤੀ ਨੂੰ ਸਮਰਪਿਤ ਇਕ ਦਿਨਾਂ ਵੈਬੀਨਾਰ ਕਰਵਾਇਆ ਗਿਆ। ਪ੍ਰੋ. ਸੰਜੀਵ ਸ਼ਰਮਾ, ਇਨਫਰਮੇਸ਼ਨ ਸਾਇੰਸ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਜੀ ਨੇ ਇਸ ਪ੍ਰੋਗਰਾਮ ਵਿੱਚ ਮੁੱਖ ਵਕਤਾ ਦੇ ਤੌਰ ਤੇ ਸ਼ਿਰਕਤ ਕੀਤੀ। ਉਹਨਾਂ ਨੇ ਭਗਵਾਨ ਸ੍ਰੀ ਪਰਸ਼ੂ ਰਾਮ ਜੀ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਦੇ ਹਵਾਲਿਆਂ ਨਾਲ ਰੌਚਿਕ ਜਾਣਕਾਰੀ ਦਿੱਤੀ। ਉਹਨਾਂ ਨੇ ਵਰਤਮਾਨ ਸਮੇਂ ਵਿੱਚ ਭਗਵਾਨ ਸ੍ਰੀ ਪਰਸ਼ੂ ਰਾਮ ਜੀ ਦੀਆਂ ਸਿੱਖਿਆਵਾਂ ਦੀ ਪ੍ਰਸੰਗਿਕਤਾ ਬਾਰੇ ਚਰਚਾ ਕਰਦੇ ਹੋਏ ਇਹਨਾਂ ਦੀ ਇਤਿਹਾਸਕ ਮਹੱਤਤਾ ਨੂੰ ਵੀ ਉਜਾਗਰ ਕੀਤਾ। ਉਹਨਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਸਾਡੀ ਨੌਜਵਾਨ ਪੀੜ੍ਹੀ ਨੂੰ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੀਆਂ ਸਿੱਖਿਆਵਾਂ ਨੂੰ ਅਪਣਾ ਕੇ ਦੇਸ਼ ਅਤੇ ਧਰਮ ਦੀ ਸੇਵਾ ਵਿੱਚ ਲੋੜੀਂਦਾ ਯੋਗਦਾਨ ਪਾਉਣਾ ਚਾਹੀਦਾ ਹੈ। ਡਾ. ਬਲਜੀਤ ਸਿੰਘ ਖਹਿਰਾ ਨੇ ਪ੍ਰੋਗਰਾਮ ਵਿੱਚ ਸ਼ਾਮਲ ਸਾਰੇ ਪ੍ਰਤੀਭਾਗੀਆਂ ਦਾ ਸੁਆਗਤ ਕਰਦਿਆਂ ਕਿਹਾ ਕਿ ਇਸ ਸ਼ੁਭ ਅਵਸਰ ਤੇ ਭਗਵਾਨ ਸ੍ਰੀ ਪਰਸ਼ੂ ਰਾਮ ਜੀ ਦੇ ਜੀਵਨ, ਦਰਸ਼ਨ ਤਿਆਗ ਅਤੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਯਾਦ ਕਰਨਾ ਜਿਥੇ ਸਾਡੇ ਲਈ ਮਾਣ ਵਾਲੀ ਗੱਲ ਹੈ ਉਥੇ ਅੱਜ ਦੇ ਨਿੱਜਵਾਦੀ ਦੌਰ ਵਿੱਚ ਦੂਸਰਿਆਂ ਦੇ ਭਲੇ ਲਈ ਕਾਰਜ ਕਰਨ ਦੀ ਸਿੱਖਿਆ ਦੀ ਸਾਡੀ ਨੌਜਵਾਨ ਪੀੜ੍ਹੀ ਨੂੰ ਬਹੁਤ ਵੱਡੀ ਲੋੜ ਹੈ। ਚੇਅਰ ਇੰਚਾਰਜ ਡਾ. ਧਰਮਿੰਦਰ ਸਿੰਘ ਨੇ ਸੈਮੀਨਾਰ ਦੀ ਇਤਿਹਾਸਕ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਰਸ਼ੂ ਰਾਮ ਨੇ ਨਾ ਸਿਰਫ ਕਸ਼ੱਤਰੀ ਧਰਮ ਦੀ ਪਾਲਣਾ ਕੀਤੀ ਸਗੋਂ ਸਮਾਜ ਵਿੱਚ ਨਿਰਭੈਤਾ ਅਤੇ ਤਿਆਗ ਦੀ ਭਾਵਨਾ ਦਾ ਸੰਚਾਰ ਵੀ ਕੀਤਾ। ਉਹਨਾਂ ਵੱਲੋਂ ਚੇਅਰ ਵੱਲੋਂ ਕੀਤੇ ਜਾ ਰਹੇ ਖੋਜ ਕਾਰਜਾਂ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਡਾ. ਅਮਿਤੋਜ ਸਿੰਘ ਨੇ ਵੈਬੀਨਾਰ ਦੇ ਮੁੱਖ ਵਕਤਾ, ਮਾਣਯੋਗ ਵਾਈਸ ਚਾਂਸਲਰ ਸਾਹਿਬ, ਅਧਿਆਪਕ ਸਾਹਿਬਾਨ, ਪ੍ਰੋਗਰਾਮ ਵਿੱਚ ਸ਼ਾਮਲ ਸਾਰੇ ਵਿਦਿਆਰਥੀਆਂ ਖੋਜਾਰਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੀਵਨ ਵਿੱਚ ਸਾਨੂੰ ਅਨੁਸ਼ਾਸਨ ਦੀ ਪਾਲਣਾ ਅਵੱਸ਼ ਕਰਨੀ ਚਾਹੀਦੀ ਹੈ ਅਤੇ ਇਹ ਸਿੱਖਿਆ ਸਾਨੂੰ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੇ ਜੀਵਨ ਦਰਸ਼ਨ ਤੋਂ ਮਿਲਦੀ ਹੈ। ਇਸ ਪ੍ਰੋਗਰਾਮ ਦੀ ਸਮੁੱਚੀ ਕਾਰਵਾਈ ਡਾ. ਦੀਪ ਸ਼ਿਖਾ ਸੀਨੀਅਰ ਰਿਸਰਚ ਫੈਲੋ ਭਗਵਾਨ ਸ੍ਰੀ ਪਰਸ਼ੂ ਰਾਮ ਚੇਅਰ ਨੇ ਚਲਾਈ। ਇਸ ਰਾਸ਼ਟਰੀ ਵੈਬੀਨਾਰ ਵਿੱਚ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ, ਸੈਂਟਰਲ ਯੂਨੀਵਰਸਿਟੀ ਮਹਿੰਦਰਗੜ੍ਹ(ਹਰਿਆਣਾ), ਸੈਂਟਰਲ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼, ਧਰਮਸ਼ਾਲਾ, ਪੰਜਾਬੀ ਯੂਨੀਵਰਸਿਟੀ ਦੇ ਕਾਂਸਟੀਚਿਊਟ ਕਾਲਜਾਂ ਤੋਂ ਇਲਾਵਾ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਅਧਿਆਪਕ ਸਾਹਿਬਾਨ, ਵੱਡੀ ਗਿਣਤੀ ਸਟਾਫ਼, ਵਿਦਿਆਰਥੀ ਅਤੇ ਖੋਜਾਰਥੀ ਜੁੜੇ ਹੋਏ ਸਨ।

## Images



सार संक्षेप

पंजाब स्टेट ओपन यूनिवर्सिटी ने भगवान श्री परशुराम जयंती को समर्पित संगोष्ठी करवाई

सवेरा न्यूज/अंशुमन पटियाला, 20 अप्रैल: जगत गुरु नानक देव पंजाब स्टेट ओपन यूनिवर्सिटी, पटियाला के माननीय कुलपति प्रो. (डॉ.) रतन सिंह जी के कुशल मार्गदर्शन में, विश्वविद्यालय में स्थापित भगवान श्री परशु राम जी चेयर द्वारा श्री परशु राम जी की जयंती के उपलक्ष्य में एक दिवसीय वैबीनार का आयोजन किया गया। कुरुक्षेत्र विश्वविद्यालय, कुरुक्षेत्र के सूचना विज्ञान विभाग के प्रो. संजीव शर्मा ने कार्यक्रम में मुख्य वक्ता के रूप में भाग लिया। उन्होंने भगवान श्री परशु राम के जीवन की महत्वपूर्ण घटनाओं के संदर्भ में रोचक जानकारी दी। उन्होंने भगवान श्री परशु राम जी की शिक्षाओं के ऐतिहासिक महत्व पर प्रकाश डालते हुए वर्तमान समय में उनकी प्रासंगिकता पर चर्चा की उन्होंने कहा कि आज के युग में, हमारी युवा पीढ़ी को भगवान श्री परशु राम जी की शिक्षाओं को अपनाना चाहिए और देश एवं धर्म की सेवा में आवश्यक योगदान देना चाहिए। डॉ. बलजीत सिंह खैरा ने कार्यक्रम में उपस्थित सभी प्रतिभागियों का स्वागत करते हुए कहा कि इस शुभ अवसर पर भगवान श्री परशुराम जी के जीवन, दर्शन, वैराग्य और शिक्षाओं को याद करना हमारे लिए गर्व की बात है, इस कार्यक्रम की पूरी कार्यवाही भगवान श्री परशुराम अध्यक्ष की वरिष्ठ शोध फेलो डॉ. दीप शिखा द्वारा संचालित की गई।

जगत गुरु नानक देव पंजाब स्टेट ओपन यूनिवर्सिटी करवाए वैबीनार में भाग लेते हुए सदस्य।






**Link**

https://www.instagram.com/p/DXWi23SD2op/?utm_source=ig_web_copy_link&igsh=MzRlODBiNWFlZA

==

https://www.facebook.com/share/p/1Azg4oVeaA/